**Directorate Of Education, GNCT Of Delhi**

**Practice Paper**

**Session- 2023-24**

**Class- x**

**Subject- Punjabi (004)**

**Time - 3 hrs** **Maximum Marks- 80**

**ਆਮ ਨਿਰਦੇਸ਼**

- ਸਾਰੇ ਪ੍ਰਸ਼ਨ ਲਾਜ਼ਮੀ ਹਨ|ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ|ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
- ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
- ਉੱਤਰਾਂ ਨੂੰ ਧਿਆਨ ਨਾਲ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ।

| ਪ੍ਰਸ਼ਨ | ਭਾਗ-ੳ (ਪੜ੍ਹਨ ਕੌਸ਼ਲ) | ਅੰਕ |
|---|---|---|
| 1. | ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਦੇ ਆਧਾਰ 'ਤੇ ਚੁਣ ਕੇ ਉੱਤਰ ਸ਼ੀਟ ਵਿੱਚ ਦਰਜ ਕਰੋ। ਪੰਜਾਬੀ ਲੋਕ ਗੀਤਾਂ ਦੀ ਇਕ ਵਿਲੱਖਣਤਾ ਜੋ ਸਪੱਸ਼ਟ ਤੌਰ 'ਤੇ ਨਜ਼ਰ ਆਉਂਦੀ ਹੈ ਉਹ ਇਹ ਹੈ ਕਿ ਸਾਡੇ ਬਹੁਤੇ ਲੋਕਗੀਤ ਸਾਡੀਆਂ ਸੁਆਣੀਆਂ ਦੇ ਬੁੱਲ੍ਹਾਂ ਅਤੇ ਮਨਾਂ ਦੁਆਰਾ ਸਾਡੇ ਤੱਕ ਪਹੁੰਚੇ ਹਨ। ਇਹ ਲੋਕ ਗੀਤਾਂ ਦੇ ਸੰਗ੍ਰਹਿ ਜੋ ਸਾਡੀਆਂ ਸੁਆਣੀਆਂ ਨੇ ਭਰੇ ਹਨ, ਉਹ ਵਧੇਰੇ ਰਵਾਇਤੀ ਹਨ ਜੋ ਪੰਜਾਬੀ ਸੁਭਾਅ ਦੀ ਸਾਦਗੀ ਦੀ ਗਵਾਹੀ ਭਰਦੇ ਹਨ। ਇਸ ਲਈ ਇਨ੍ਹਾਂ ਲੋਕ ਗੀਤਾਂ ਵਿਚ ਮਿਸ਼ਰੀ ਜਿਹੀ ਮਿਠਾਸ ਹੈ ਅਤੇ ਉਹ ਆਪਣੇ ਵਿਹੜੇ ਤੋਂ ਧਰਤੀ ਦੇ ਨੇੜੇ ਹੋਣਾ ਪਸੰਦ ਕਰਦੇ ਹਨ। ਬਹੁਤ ਘੱਟ ਗਾਣੇ ਮਰਦਾਂ ਦੁਆਰਾ ਤਿਆਰ ਕੀਤੇ ਗਏ ਹਨ ਅਤੇ ਜਿਹੜੇ ਗਾਏ ਵੀ ਗਏ ਹਨ ਉਹਨਾਂ ਦਾ ਸੁਭਾਅ ਪਰੰਪਰਾ-ਪਾਲਕ ਦੇ ਸਰਪ੍ਰਸਤ ਨਾਲੋਂ ਨਿੱਜੀ ਸੁਤੰਤਰਤਾ ਦੀ ਇੱਛਾ ਦਾ ਵਧੇਰੇ ਮਹੱਤਵਪੂਰਣ ਹੈ। ਹਾਲਾਂਕਿ ਪੰਜਾਬੀ ਲੋਕ ਗੀਤਾਂ ਵਿਚ ਪੰਜਾਬੀਆਂ ਦੀ ਬਹਾਦਰੀ ਦਾ ਸਿੱਧਾ ਪ੍ਰਗਟਾਵਾ ਨਹੀਂ ਕੀਤਾ ਗਿਆ ਹੈ, ਪਰੰਤੂ ਪੰਜਾਬੀਆਂ ਦੇ ਮਨਾਂ ਵਿਚ ਵਸੇ ਲੋਕ ਨਾਇਕਾਂ ਦੇ ਕਰਤਵਾਂ ਅਤੇ ਲੋਕਪ੍ਰਿਯਤਾ ਦੇ ਬਹੁਤ ਸਾਰੇ ਵੇਰਵਿਆਂ ਨੂੰ ਲੋਕ ਗੀਤਕਾਰਾਂ ਨੇ ਸਵੀਕਾਰਿਆ ਹੈ। ਲੋਕ ਗੀਤਾਂ ਵਿਚ, ਸਾਡੇ ਲੋਕ ਨਾਇਕਾਂ ਰਾਜਾ ਰਸਾਲੂ, ਦੁੱਲਾ ਭੱਟੀ, ਜੱਗਾ ਜੱਟ, ਸੁੱਚਾ ਸੂਰਮਾ, ਜਿਊਣਾ ਮੌੜ, ਭਗਤ ਸਿੰਘ ਆਦਿ ਦੀਆਂ ਜੀਵਨ ਕਹਾਣੀਆਂ ਦੇ ਉਹ ਪਹਿਲੂ ਅਵਚੇਤਨ | 1x6=6 |

DoE Delhi

| | | |
|---|---|---|
| | ਰੂਪ ਵਿਚ ਭਾਸ਼ਾ ਵਿਚ ਪਾਏ ਗਏ ਹਨ ਜਿਨ੍ਹਾਂ ਨੂੰ ਲੋਕ ਆਪਣੇ ਮਨ ਦੇ ਹਿਰਦੇ ਨਾਲ ਮੰਨਦੇ ਹਨ।<br><br>i) ਪ੍ਰ੦- ਪੰਜਾਬੀ ਲੋਕ ਗੀਤਾਂ ਦੇ ਸੰਗ੍ਰਿਹ ਦਾ ਮਾਣ ਕਿਸਨੂੰ ਦਿੱਤਾ ਗਿਆ ਹੈ?<br>ੳ) ਲੋਕਾਂ ਨੂੰ ਅ) ਰਾਜਿਆਂ ਨੂੰ<br>ੲ) ਸੁਆਣੀਆਂ ਨੂੰ ਸ) ਨਾਇਕਾਂ ਨੂੰ<br>ii) ਪ੍ਰ੦- ਪੰਜਾਬੀ ਲੋਕ ਗੀਤ ਪੰਜਾਬੀਆਂ ਦੇ ਕਿਸ ਸੁਭਾਅ ਦੀ ਗਵਾਹੀ ਭਰਦੇ ਹਨ?<br>ੳ) ਸਾਦਗੀ ਅ) ਚਲਾਕੀ<br>ੲ) ਲੜਾਈ ਸ) ਮਨਮਰਜ਼ੀ<br>iii) ਪ੍ਰ੦- ਪੰਜਾਬੀ ਲੋਕ ਗੀਤਾਂ ਵਿੱਚ ਕਿਹੋ ਜਿਹੀ ਮਿਠਾਸ ਹੈ?<br>ੳ) ਲੱਡੂ ਜਿਹੀ ਅ) ਮਿਸ਼ਰੀ ਜਿਹੀ<br>ੲ) ਬਰਫ਼ੀ ਜਿਹੀ ਸ) ਜਲੇਬੀ ਜਿਹੀ<br>iv) ਪ੍ਰ੦- ਪੰਜਾਬੀ ਕਿਸਦੇ ਨੇੜੇ ਹੋਣਾ ਪਸੰਦ ਕਰਦੇ ਹਨ?<br>ੳ) ਰੁੱਖਾਂ ਦੇ ਅ) ਦਰਿਆ ਦੇ<br>ੲ) ਅਸਮਾਨ ਦੇ ਸ) ਧਰਤੀ ਦੇ<br>v) ਪ੍ਰ੦- ਪੰਜਾਬੀ ਲੋਕ ਗੀਤਾਂ ਵਿਚ ਕਿਸਦਾ ਸਿੱਧਾ ਪ੍ਰਗਟਾਵਾ ਨਹੀਂ ਕੀਤਾ ਗਿਆ ਹੈ?<br>ੳ) ਪੰਜਾਬੀਆਂ ਦੀਆਂ ਬੁਰਾਈਆਂ ਦਾ ਅ) ਪੰਜਾਬੀਆਂ ਦੀਆਂ ਇੱਛਾਵਾਂ ਦਾ<br>ੲ) ਪੰਜਾਬੀਆਂ ਦੇ ਤਿਉਹਾਰਾਂ ਦਾ ਸ) ਪੰਜਾਬੀਆਂ ਦੀ ਬਹਾਦਰੀ ਦਾ<br>vi) ਪ੍ਰ੦- ਲੋਕ ਗੀਤਕਾਰਾਂ ਨੇ ਪੰਜਾਬੀਆਂ ਦੇ ਮਨਾਂ ਵਿਚ ਵਸੇ ਕਿਹਨਾਂ ਦੇ ਕਰਤਵਾਂ ਅਤੇ ਲੋਕਪ੍ਰਿਯਤਾ ਦੇ ਬਹੁਤ ਸਾਰੇ ਵੇਰਵਿਆਂ ਨੂੰ ਸਵੀਕਾਰਿਆ ਹੈ?<br>ੳ) ਲੋਕ ਨਾਇਕਾਂ ਅ) ਅਦਾਕਾਰਾਂ<br>ੲ) ਨੇਤਾਵਾਂ ਸ) ਮਰਦਾਂ | |
| 2. | ਹੇਠ ਲਿਖੀ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ ‘ਤੇ ਉੱਤਰ ਸ਼ੀਟ ਵਿੱਚ ਦਰਜ ਕਰੋ।<br>ਨਵੇਂ ਵਰ੍ਹੇ ਦੇ ਕਾਰਡ,<br>ਪਾਉਣ ਦੇ ਗਏ ਜ਼ਮਾਨੇ।<br>ਈਮੇਲ ‘ਤੇ ਸੁੱਖ ਸੁਨੇਹੇ, | 1x4=4 |

| | | |
|---|---|---|
| | ਸ਼ੁਭ-ਇੱਛਾਵਾਂ,ਸੁਲ੍ਹਾ,ਬਹਾਨੇ।<br>ਕੁੱਲ ਵਿਸ਼ਵ ਵਿੱਚ,<br>ਈਮੇਲ ਦੀ ਹੈ ਸਰਦਾਰੀ।<br>ਰੁੱਸ ਕੇ ਬਹਿ ਜਾਏ,<br>ਰੁਕ ਜਾਵੇਗੀ ਦੁਨੀਆ ਸਾਰੀ।<br>i) ਪ੍ਰ੦- ਕਵੀ ਅਨੁਸਾਰ ਕਿਹੜੇ ਜ਼ਮਾਨੇ ਚਲੇ ਗਏ ਹਨ?<br>ii) ਪ੍ਰ੦- ਈਮੇਲ 'ਤੇ ਕੀ-ਕੀ ਭੇਜਿਆ ਜਾ ਸਕਦਾ ਹੈ?<br>iii) ਪ੍ਰ੦- ਕੁੱਲ ਵਿਸ਼ਵ ਵਿੱਚ ਕਿਸਦੀ ਸਰਦਾਰੀ ਹੈ?<br>iv) ਪ੍ਰ੦- ਸਾਰੀ ਦੁਨੀਆ ਕਿਉਂ ਰੁਕ ਜਾਵੇਗੀ? | |
| | **ਭਾਗ-ਅ (ਵਿਆਕਰਨ)** | |
| 3. | ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>i) ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਸਮਾਸੀ ਸ਼ਬਦ ਚੁਣੋ।<br>ੳ) ਸਮੇਂ-ਸਵੇਰੇ ਅ) ਸੰਗ-ਪ੍ਰਸੰਗ<br>ੲ)ਰਣ-ਭੂਮੀ ਸ) ਨਾਲ-ਕੋਲ<br>ii) ਹੇਠ ਲਿਖੇ ਵਿਕਲਪਾਂ ਵਿੱਚੋਂ ਸਮਾਨ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ।<br>ੳ) ਗਰਮੀ-ਸਰਦੀ ਅ) ਪੜ੍ਹੇ-ਲਿਖੇ<br>ੲ) ਦੇਸ਼-ਪਿਆਰ ਸ) ਸਿੱਧਾ-ਪੁੱਠਾ<br>iii) ਹੇਠ ਲਿਖੇ ਵਿਕਲਪਾਂ ਵਿੱਚੋਂ ਭਿੰਨ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ।<br>ੳ) ਆਲ਼ੇ-ਦੁਆਲ਼ੇ ਅ) ਕਥਾ-ਕਹਾਣੀ<br>ੲ) ਬਾਤ-ਚੀਤ ਸ) ਨਵੇਂ-ਪੁਰਾਣੇ | 1x2=2 |
| 4. | ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>i) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਵਾਰ' ਸ਼ਬਦ ਦਾ ਬਹੁਅਰਥਕ ਨਹੀਂ ਹੈ।<br>ੳ) ਹਮਲਾ ਅ) ਵਚਨ<br>ੲ) ਕੁਰਬਾਨ ਸ) ਦਿਨ<br>ii) 'ਅੜੀ' ਦਾ ਇੱਕ ਅਰਥ ਹੈ 'ਜ਼ਿੱਦ' ਇਸਦਾ ਦੂਜਾ ਅਰਥ ਕੀ ਹੋਵੇਗਾ?<br>ੳ) ਉਲਝਣਾ ਅ) ਅੱਕਣਾ<br>ੲ) ਕਿਨਾਰਾ ਸ) ਚਲਾਕ<br>iii) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਅੱਕ' ਸ਼ਬਦ ਦਾ ਬਹੁਅਰਥਕ ਹੈ?<br>ੳ) ਨਿਰਾਸ਼ ਅ) ਥੱਕ<br>ੲ) ਖੁਸ਼ ਸ) ਬੋਝ | 1x2=2 |
| 5. | ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) | 1x2=2 |

DoE Delhi

| | | |
|---|---|---|
| | i) ਉਹ ਹਰ ਕੰਮ ਕਾਹਲੀ-ਕਾਹਲੀ ਕਰਦਾ ਹੈ। ਇਸ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ।<br>ੳ) ਉਹ ਅ) ਕੰਮ<br>ੲ) ਕਾਹਲੀ-ਕਾਹਲੀ ਸ) ਕਰਦਾ<br>ii) ਜੋ ਕਿਰਿਆ ਵਿਸ਼ੇਸ਼ਣ ਕਿਰਿਆ ਦੇ ਕੰਮ ਦੇ ਵਾਪਰਨ ਦੇ ਕਾਰਨ ਸੰਬੰਧੀ ਜਾਣਕਾਰੀ ਦੱਸਣ,ਉਸਨੂੰ ਕਿਹੜਾ ਕਿਰਿਆ-ਵਿਸ਼ੇਸ਼ਣ ਆਖਦੇ ਹਨ?<br>ੳ) ਨਿਰਣਾਵਾਚਕ ਅ) ਕਾਰਨਵਾਚਕ<br>ੲ) ਮਿਣਤੀਵਾਚਕ ਸ) ਨਿਸ਼ਚੇਵਾਚਕ<br>iii) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਕਾਲਵਾਚਕ ਕਿਰਿਆ-ਵਿਸ਼ੇਸ਼ਣ ਚੁਣੋ।<br>ੳ) ਸੱਜੇ-ਖੱਬੇ ਅ) ਦੁਬਾਰਾ,ਕਦੀ<br>ੲ) ਕੱਲ,ਸਵੇਰੇ ਸ) ਹਾਂ,ਨਾਂ | |
| 6. | ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ)<br>i) ਹੇਠ ਲਿਖੇ ਅਨੁਸਾਰ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਉ।<br>ਨਾ , ਸਹਿ<br>ii) ਹੇਠ ਲਿਖੇ ਅਨੁਸਾਰ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਉ।<br>ਗੀ ,ਦਾ | 1x2=2 |
| 7. | ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ।<br>ਕਬਰ ਵਿੱਚ ਪੈਰ ਹੋਣੇ,ਖਾਣ ਨੂੰ ਪੈਣਾ, ਗੱਲਾਂ ਵਿੱਚ ਆਉਣਾ,ਘੜੀਆਂ-ਪਲਾਂ 'ਤੇ ਹੋਣਾ,ਚਪੜ-ਚਪੜ ਕਰਨਾ,ਛੱਤ ਸਿਰ 'ਤੇ ਚੁੱਕਣਾ। | 1x4=4 |
| | **ਭਾਗ-ੲ (ਪ੍ਰਭਾਵਸ਼ਾਲੀ ਲਿਖਣ-ਕੌਸ਼ਲ)** | |
| 8. | ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਲਗਭਗ 200 ਸ਼ਬਦਾਂ ਵਿੱਚ ਲੇਖ ਲਿਖੋ।<br>i) ਸਿੱਖਿਆ ਦਾ ਮਹੱਤਵ<br>(ਜਾਣ-ਪਛਾਣ ---------ਹਰੇਕ ਮਨੁੱਖ ਦਾ ਅਧਿਕਾਰ ----------ਜੀਵਨ ਸੁਧਾਰ ਦਾ ਮਾਰਗ -------- ਸਿੱਖਣਾ ਇੱਕ ਨਿਰੰਤਰ ਪ੍ਰਕਿਰਿਆ ----------- ਪੜ੍ਹੇ-ਲਿਖੇ ਨਾਗਰਿਕਾਂ ਦੀ ਲੋੜ --------- ਰੋਜ਼ਗਾਰ ਦਾ ਸਾਧਨ ---------- ਸਿੱਖਿਆ ਪਸਾਰ ਦੇ ਯਤਨ ---------- ਸਿੱਟਾ ------------)<br>ii) ਮੇਰਾ ਸ਼ੌਕ<br>(ਜਾਣ-ਪਛਾਣ ------------- ਵਿਹਲੇ ਸਮੇਂ ਦਾ ਸਦਉਪਯੋਗ ----------ਫਾਇਦੇ ----------ਮੇਰਾ ਮਨਪਸੰਦ ਸ਼ੌਕ ----------ਸ਼ੌਕ ਰੁਜ਼ਗਾਰ ਵਜੋਂ --------------ਮਨ ਨੂੰ ਸਕੂਨ ---------ਵਿਦਿਆਰਥੀਆਂ ਲਈ ਲਾਭਦਾਇਕ ------------------------ਸਿੱਟਾ ---------) | 8 |

DoE Delhi

| | | |
|---|---|---|
| | iii) ਈਮਾਨਦਾਰੀ ਸਭ ਤੋਂ ਚੰਗੀ ਨੀਤੀ ਹੈ<br>(ਜਾਣ-ਪਛਾਣ-----------ਲਾਭ --------- ਵਿਅਕਤੀਤਵ ਦਾ ਪ੍ਰਗਟਾਵਾ ------------ ਮਨ ਦਾ ਡਰ ਦੂਰ ਹੋਣਾ ------------- ਆਪਸੀ ਰਿਸ਼ਤਿਆਂ ਵਿੱਚ ਈਮਾਨਦਾਰੀ ------------ਸਨਮਾਨ ਵਿੱਚ ਵਾਧਾ --------- ਬੇਈਮਾਨਾਂ ਤੋਂ ਪਰੇਸ਼ਾਨੀ ----------------ਸਿੱਟਾ-----------) | |
| 9. | ਤੁਸੀਂ ਹਾਲ ਵਿੱਚ ਹੀ ਕੋਈ ਪੁਸਤਕ ਪ੍ਰਦਰਸ਼ਨੀ ਦੇਖੀ ਹੈ,ਉਸ ਸੰਬੰਧੀ ਆਪਣੇ ਸਕੂਲ ਮੁਖੀ ਨੂੰ ਆਪਣੇ ਅਨੁਭਵ ਦੱਸਦੇ ਹੋਏ ਪੰਜਾਬੀ ਸਾਹਿਤ ਨਾਲ ਸੰਬੰਧਤ ਕੁਝ ਪੁਸਤਕਾਂ ਸਕੂਲ ਲਾਇਬ੍ਰੇਰੀ ਲਈ ਸੁਝਾਵ ਦਿੰਦੇ ਹੋਏ ਪੱਤਰ ਲਿਖੋ।<br>( ਪੁਸਤਕ ਪ੍ਰਦਰਸ਼ਨੀ ਵਿੱਚ ਜਾਣਾ -------- ਬਹੁਤ ਸਾਰੀਆਂ ਪੁਸਤਕਾਂ ਦੇ ਸਟਾਲ --------ਕੁੱਝ ਪੁਸਤਕਾਂ ਪਸੰਦ ਆਉਣਾ ---------- ਲਾਇਬ੍ਰੇਰੀ ਲਈ ਪੰਜਾਬੀ ਸਾਹਿਤ ਦੀਆਂ ਪੁਸਤਕਾਂ ਦਾ ਸੁਝਾਵ--------- ਸੁਝਾਵ ਮੰਨਣ ਦੀ ਬੇਨਤੀ )<br>ਜਾਂ<br>ਆਪਣੇ ਮਿੱਤਰ/ਸਹੇਲੀ ਨੂੰ ਆਪਣੇ ਜਨਮ-ਦਿਨ ਦੀ ਪਾਰਟੀ ਵਿੱਚ ਬੁਲਾਉਣ ਲਈ ਪੱਤਰ ਲਿਖੋ।<br>( ਜਨਮ ਦਿਨ ਆਉਣ ਵਾਲਾ ਹੋਣਾ --------- ਪਾਰਟੀ ਦਾ ਪ੍ਰੋਗਰਾਮ ਬਣਨਾ --------- ਦੋਸਤਾਂ ਨੂੰ ਬੁਲਾਉਣਾ --------- ਪਾਰਟੀ ਬਾਰੇ ਦੱਸਣਾ ------- ਸ਼ਾਮਿਲ ਹੋਣ ਦੀ ਗੁਜ਼ਾਰਿਸ਼ ਕਰਨਾ---------) | 6 |
| 10 | ਹੇਠ ਦਿੱਤੀ ਤਸਵੀਰ ਨੂੰ ਧਿਆਨ ਨਾਲ ਦੇਖ ਕੇ 50 ਸ਼ਬਦਾਂ ਵਿੱਚ ਵਰਨਣ ਕਰੋ।<br> | 4 |

| | | |
|---|---|---|
| | **ਨੋਟ- ਇਹ ਪ੍ਰਸ਼ਨ ਤਸਵੀਰ ਅਧਾਰਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ।**<br>ਆਪਣੇ ਸਕੂਲ ਮੁਖੀ ਨੂੰ ਯੂਨਿਟ ਟੈਸਟ ਵਿੱਚ ਗੈਰ-ਹਾਜ਼ਰ ਰਹਿਣ ਦਾ ਕਾਰਨ ਦੱਸਦੇ ਹੋਏ ਪੱਤਰ ਲਿਖੋ। | |
| | **ਭਾਗ-ਸ (ਪਾਠ-ਪੁਸਤਕਾਂ 'ਤੇ ਅਧਾਰਤ ਪ੍ਰਸ਼ਨ)** | |
| 11 | ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ)<br>i) ਸੁਕਰਾਤ ਕਿਸ ਤੋਂ ਬੇਪਰਵਾਹ ਸੀ?<br>ੳ) ਘਰ ਤੋਂ ਅ) ਜ਼ਿੰਦਗੀ ਤੋਂ<br>ੲ) ਪੜ੍ਹਾਈ ਤੋਂ ਸ) ਮੌਤ ਤੋਂ<br>ii) ਪਿੰਡ ਦੇ ਲੋਕਾਂ ਲਈ ਕਿਸਦਾ ਸਵਾਗਤ ਕਰਨਾ ਜ਼ਰੂਰੀ ਹੁੰਦਾ ਸੀ?<br>ੳ) ਵੱਡੇ-ਵਡੇਰਿਆਂ ਦਾ ਅ) ਪਹਿਲਵਾਨਾਂ ਦਾ<br>ੲ) ਭੈਣਾਂ ਦਾ ਸ) ਸਰਪੰਚਾਂ ਦਾ<br>iii) ਤੁਰਨ ਨਾਲ ਕੀ ਉਪਜਦਾ ਹੈ?<br>ੳ) ਸ੍ਵੈਵਿਸ਼ਵਾਸ ਅ) ਗਿਆਨ<br>ੲ) ਸ਼ੌਕ ਸ) ਤਜ਼ਰਬਾ<br>iv) ਲੇਖਕ ਨੂੰ ਸਭ ਤੋਂ ਔਖਾ ਕੰਮ ਕੀ ਲੱਗਦਾ ਹੈ?<br>ੳ) ਖੁਸ਼ ਹੋਣਾ ਅ) ਡਾਂਟਣਾ<br>ੲ) ਮੰਗਣਾ ਸ) ਕਮਾਉਣਾ<br>v) ਗਹਿਣੇ ਪਈ ਸਾਰੀ ਪੈਲ਼ੀ ਕਿਸਨੇ ਛੁਡਵਾਈ ਸੀ?<br>ੳ) ਅਮਰੀਕ ਦੇ ਪਿਓ ਨੇ ਅ) ਅਮਰੀਕ ਦੇ ਭਰਾ ਨੇ<br>ੲ) ਅਮਰੀਕ ਦੇ ਦਾਦੇ ਨੇ ਸ) ਅਮਰੀਕ ਦੀ ਮਾਂ ਨੇ<br>Vi) ਮਾਨ ਸਿੰਘ ਕੌਣ ਸੀ?<br>ੳ) ਤਰਖਾਣ ਅ) ਫ਼ੌਜੀ<br>ੲ) ਕਿਸਾਨ ਸ) ਅਫ਼ਸਰ | 1x5=5 |
| 12 | ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ)<br>i) ਪਰਮਾਤਮਾ ਦਾ ਨਾਮ ਸਿਮਰ ਕੇ ਕੀ ਪ੍ਰਾਪਤ ਹੁੰਦਾ ਹੈ?<br>ੳ) ਖੁਸ਼ੀਆਂ ਅ) ਆਤਮਿਕ ਆਨੰਦ<br>ੲ) ਫ਼ਖਰ ਸ) ਰੱਖਿਆ<br>ii) ਹਿਰਨਾਂ ਦੀ ਡਾਰ ਕਿਸਦੀ ਭਬਕ ਸੁਣ ਕੇ ਭੱਜ ਜਾਂਦੀ ਹੈ?<br>ੳ) ਗੁਰੂ ਦੀ ਅ) ਵਹਿਮੀ ਦੀ | 1x5=5 |

DoE Delhi

| | | |
|---|---|---|
| | ੲ) ਪਖੰਡੀ ਦੀ ਸ) ਸ਼ੇਰ ਦੀ<br><br>iii) 'ਜੰਗ ਦਾ ਹਾਲ' ਰਚਨਾ ਵਿੱਚ ਕਿਸ ਸ਼ਹਿਰ ਦਾ ਜ਼ਿਕਰ ਕੀਤਾ ਗਿਆ ਹੈ?<br>ੳ) ਫੇਰੂ ਅ) ਮੁਕਤਸਰ<br>ੲ) ਤਲਵੰਡੀ ਸ) ਮੋਗਾ<br>iv) ਔਰੰਗਜ਼ੇਬ ਕਿਸਨੂੰ ਆਪਣੀ ਆਖਰੀ ਉਮਰ ਦਾ ਸਹਾਰਾ ਸਮਝਦਾ ਹੈ?<br>ੳ) ਬੇਗਮ ਉਦੈਪੁਰੀ ਨੂੰ ਅ) ਅਸਦ ਖਾਨ ਨੂੰ<br>ੲ) ਸ਼ਾਹੀ ਹਕੀਮ ਨੂੰ ਸ) ਜ਼ੀਨਤ ਨੂੰ<br>v) ਨਿਹਾਲ ਕੌਰ ਅਨੁਸਾਰ ਮਨਜੀਤ ਨੂੰ ਪੁੱਠੀਆਂ ਮੱਤਾਂ ਕੌਣ ਦਿੰਦੀ ਹੈ?<br>ੳ) ਗੁਆਂਢਣ ਅ) ਪ੍ਰਬੰਧਕ<br>ੲ) ਸਕੱਤਰ ਸ) ਇਸਤਰੀ ਸਭਾ<br>vi) ਨਿਹਾਲ ਕੌਰ ਸਾਰਾ ਦਿਨ ਕਿਸਨੂੰ ਤਾਹਨੇ ਦਿੰਦੀ ਰਹਿੰਦੀ ਹੈ?<br>ੳ) ਆਪਣੇ ਪੁੱਤਰ ਨੂੰ ਅ) ਆਪਣੀ ਸੱਸ ਨੂੰ<br>ੲ) ਆਪਣੀ ਨੂੰਹ ਨੂੰ ਸ) ਆਪਣੇ ਪਤੀ ਨੂੰ | |
| 13 | ਕਹਾਣੀ ਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਉ)<br>i) ਘਰ ਦਾ ਪਿਆਰ ਨਾ ਮਿਲਣ ਕਰਕੇ ਵਿਅਕਤੀ ਕਿਸ ਤਰ੍ਹਾਂ ਦਾ ਬਣ ਜਾਂਦਾ ਹੈ?<br>ii) ਪਹਿਲਵਾਨ ਭਾਣਜੇ ਦੇ ਮੂੰਹ 'ਤੇ ਲਾਲੀਆਂ ਕਿਉਂ ਆ ਗਈਆਂ?<br>iii) ਲੰਮੇ ਪੈਂਡੇ ਤੁਰਨ ਦਾ ਸਾਹਸ ਅਤੇ ਸਿਦਕ ਕੌਣ ਦਿਖਾ ਸਕਦਾ ਹੈ?<br>iv) ਸੁਸਾਇਟੀ ਦੇ ਇੰਸਪੈਕਟਰ ਨੇ ਕਿੰਨੀਆਂ ਕਿਸ਼ਤਾਂ ਵਿੱਚ ਕਰਜ਼ੇ ਦੇ ਪੈਸੇ ਚੁਕਾਉਣ ਲਈ ਕਿਹਾ?<br>v) ਕਰਮ ਸਿੰਘ ਨੇ ਕਿੱਥੇ ਜੱਸ ਖੱਟਿਆ ਸੀ? | 1x4=4 |
| 14 | ਕਹਾਣੀ, ਵਾਰਤਕ ਅਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਉ)<br>i) ਸ਼ਾਹਾਂ ਦੇ ਮੁੰਡੇ ਤੋਂ 'ਕੁਲਫ਼ੀ' ਖੋਹਣ 'ਤੇ ਕਾਕੇ ਦੇ ਮਾਪਿਆਂ ਦੀ ਕੀ ਪ੍ਰਤਿਕਿਰਿਆ ਸੀ?<br>ii) 'ਅੰਗ-ਸੰਗ' ਕਹਾਣੀ ਵਿੱਚ ਅਜਿਹੀ ਕਿਹੜੀ ਘਟਨਾ ਵਾਪਰੀ ਜਿਸ ਕਾਰਨ ਘਰ ਵਿੱਚ ਹਨੇਰੇ ਵਾਤਾਵਰਨ ਵਰਗੀ ਚੁੱਪ ਛਾਈ ਹੋਈ ਸੀ?<br>iii) ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਿਹੜੀ ਗੱਲ ਛੁਪਾਈ ਤੇ ਕਿਉਂ?<br>iv) ਮਹਾਰਾਜਾ ਰਣਜੀਤ ਸਿੰਘ ਨੇ ਕੈਦੀ ਦੀ ਸਜ਼ਾ ਮਾਫ਼ ਕਿਉਂ ਕਰ ਦਿੱਤੀ?<br>v) 'ਕਿਧਰੇ ਸਾਡੇ ਬਾਬੇ ਵੀ ਕੋਈ ਦਿਓ-ਦਾਨੋ ਤਾਂ ਨਹੀਂ ਸਨ?'ਮੇਰੇ ਵੱਡੇ-ਵਡੇਰੇ' ਲੇਖ ਦੇ ਪ੍ਰਸੰਗ ਵਿੱਚ ਇਸ ਕਥਨ ਦੀ ਪੁਸ਼ਟੀ ਕਰੋ। | 2x7=14 |

DoE Delhi

| | | |
|---|---|---|
| | vi) 'ਅਮੀਰ ਘਰਾਂ ਵਿੱਚ ਜੇ ਕਿਸੇ ਦੀ ਸਿਹਤ ਠੀਕ ਹੁੰਦੀ ਹੈ ਤਾਂ ਨੌਕਰਾਂ ਦੀ ਹੀ ਹੁੰਦੀ ਹੈ?ਇਸ ਕਥਨ ਦੀ ਵਿਆਖਿਆ ਕਰੋ।<br>vii) ਬੇਗਮ ਉਦੈਪੁਰੀ ਬਾਰੇ ਕੁਝ ਸਤਰਾਂ ਲਿਖੋ।<br>viii) ਗੁਰਦਿੱਤ ਸਿੰਘ ਅਨੁਸਾਰ ਉਸ ਦੀ ਧੀ ਦੇ ਦੁਖੀ ਹੋਣ ਦਾ ਕੀ ਕਾਰਨ ਹੈ? | |
| 15 | ਕਵਿਤਾ ਤੇ ਵਾਰਤਕ ਵਿੱਚੋਂ (ਉੱਤਰ 50-60 ਸ਼ਬਦਾਂ ਵਿੱਚ ਦਿਉ)<br>i) 'ਸਤਿਗੁਰ ਨਾਨਕ ਪ੍ਰਗਟਿਆ' ਦਾ ਕੇਂਦਰੀ ਭਾਵ ਲਿਖੋ।<br>ਜਾਂ<br>'ਜੰਗ ਦਾ ਹਾਲ' ਵਿੱਚ ਕਵੀ ਨੇ ਲੜਾਈ ਦਾ ਚਿੱਤਰ ਕਿਵੇਂ ਉਲੀਕਿਆ ਹੈ?<br>ii) ਪ੍ਰਾਰਥਨਾ ਕਰਨ ਨਾਲ ਕੈਦੀ ਦੇ ਵਿਹਾਰ ਵਿੱਚ ਕਿਹੋ-ਜਿਹੀ ਤਬਦੀਲੀ ਆਈ?<br>ਜਾਂ<br>ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ? | 4x2=8 |
| 16 | ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਦਿਉ।<br>i) ਔਰੰਗਜ਼ੇਬ ਦਾ ਪਾਤਰ-ਚਿਤਰਨ ਕਰੋ।<br>ii) 'ਮੇਰਾ ਤਾਂ ਕੋਈ ਨਹੀਂ ਕਰਦਾ ਜੀਅ, ਤੁਸੀਂ ਆਪਣੇ ਪੁੱਤਰ ਦੇ ਦੂਜੇ ਵਿਆਹ ਦੇ ਡਰਾਵੇ ਦਿੰਦੇ ਰਹਿੰਨੇ ਓ। 'ਇਕਾਂਗੀ ਵਿੱਚ ਇਹ ਸ਼ਬਦ ਕਿਸਨੇ, ਕਿਸਨੂੰ ਅਤੇ ਕਿਉਂ ਕਹੇ? | 4x1=4 |

DOE, Delhi